# ਗੁਰਬਾਣੀ ਨੂੰ ਅਰਥਾਉਣ ਸਮੇਂ ਗੁਰਬਾਣੀ ਦੀ ਸੇਧ 'ਚ ਚੱਲਣਾ ਪਵੇਗਾ!

*ਗਿਆਨੀ ਧਰਮ ਸਿੰਘ (ਨਿਹੰਗ ਸਿੰਘ)**

ਗੁਰਬਾਣੀ ਨਿਰਾਕਾਰ ਪਰਮੇਸ਼ਰ ਦੀ ਬਾਣੀ ਦਾ ਸਾਡੀ ਭਾਸ਼ਾ ਵਿਚ ਅਨੁਵਾਦ ਹੈ। ਨਿਰਾਕਾਰ ਦੀ ਬਾਣੀ ਜਾਂ ਹੁਕਮ ਨੂੰ ਹੀ ਗੁਰਬਾਣੀ ਅੰਦਰ ਨਾਮ ਆਖਿਆ ਗਿਆ ਹੈ। 'ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥' (ਪੰਨਾ ੭੨) ਉਂਜ ਸਿੱਧੇ ਤੌਰ 'ਤੇ ਪਰਮੇਸ਼ਰ ਦੇ ਨਾਮ ਹੁਕਮ ਨਾਦ ਜਾਂ ਸ਼ਬਦ ਬਾਰੇ ਸੰਸਾਰੀ ਬੋਲੀ (ਭਾਸ਼ਾ) ਵਿਚ ਕੁਝ ਵੀ ਦੱਸਣਾ ਅਸੰਭਵ ਹੈ। ਪਰਮੇਸ਼ਰ, ਪਰਮਜੋਤ ਸਰੂਪ, ਪਰਮ ਪੁਰਖ ਜਾਂ ਉਸ ਦੇ ਸ਼ਬਦ (ਬਾਣੀ) ਵਿਚ ਕੋਈ ਭੀ ਭਿੰਨ-ਭੇਦ ਨਹੀਂ ਹੈ। ਦੋਨੋਂ ਹੀ ਸਰਬ-ਵਿਆਪੀ ਹਨ। ਫ਼ਰਕ ਕੇਵਲ ਇਤਨਾ ਹੀ ਹੈ ਜਿਤਨਾ ਪਾਣੀ ਅਤੇ ਪਾਣੀ ਤੋਂ ਉਪਜੀ ਲਹਿਰ ਵਿਚ ਹੁੰਦਾ ਹੈ। ਪਾਣੀ ਅਤੇ ਪਾਣੀ ਦੀ ਲਹਿਰ ਕਹਿਣ ਸੁਣਨ ਵਿਚ ਤਾਂ ਦੋ ਹੋ ਸਕਦੇ ਹਨ ਪਰ ਮੂਲ-ਰੂਪ ਵਿਚ ਦੋ ਨਹੀਂ ਹੁੰਦੇ।

ਨਿਰਾਕਾਰ ਦੇ ਦੇਸ਼ ਵਿਚ ਪਰਮਜੋਤ ਪਰਮੇਸ਼ਰ ਅਤੇ ਉਸ ਦੀ ਇੱਛਾ ਸ਼ਕਤੀ (ਹੁਕਮ) ਤੋਂ ਸਿਵਾ ਹੋਰ ਕੁਝ ਭੀ ਨਹੀਂ ਹੈ। ਪਰ ਸੰਸਾਰ ਅੰਦਰ ਉਸ ਨੇ ਆਪਣਾ ਨੂਰ (ਅੰਸ਼) ਮਿਲਾ ਕੇ ਪੰਜ ਭੌਤਕ ਸਰੀਰ, ਜਗਤ ਰੂਪ ਰਚਨਾ ਬਣਾ ਦਿੱਤੀ। ਇਸੇ ਲਈ ਗੁਰਬਾਣੀ ਅੰਦਰ ਜੀਵ-ਆਤਮਾ ਨੂੰ ਦੇਹੀ ਅਤੇ ਪੰਜ ਭੌਤਕ ਸਰੀਰ ਨੂੰ ਬਿਦੇਹੀ ਮੰਨਿਆ ਗਿਆ ਹੈ:

*ਦੇਹੀ ਗੁਪਤ ਬਿਦੇਹੀ ਦੀਸੈ॥*
*ਸਗਲੇ ਸਾਜਿ ਕਰਤ ਜਗਦੀਸੈ॥* *(ਰਾਮਕਲੀ ਮ: ੫, ਪੰਨਾ ੯੦੦)*

ਭਾਵੇਂ ਜੀਵ-ਆਤਮਾ (ਮਨ) ਦਾ ਮੂਲ ਪਰਮਜੋਤ ਹੀ ਹੈ ਪਰ ਇਹ ਆਪਣੀ ਨਿਰਾਕਾਰੀ ਸਰੂਪ ਦੇਖਣ (ਜਾਣਨ) ਵਾਲੀ ਅੱਖ 'ਬੁੱਧੀ' ਗੁਆ ਚੁਕਾ ਹੈ। ਭਾਵ ਇਸ ਜੀਵ ਦੀ ਬਿਬੇਕ ਬੁੱਧੀ (ਬਿਬੇਕ ਦੀਪ) ਮਲੀਨ ਹੋ ਚੁਕੀ ਹੈ। ਇਸ ਲਈ ਇਹ ਅਗਿਆਨਤਾ ਦੇ ਹਨ੍ਹੇਰੇ ਵਿਚ ਘਿਰਿਆ ਹੋਇਆ ਪੰਜ ਭੌਤਕ ਸਰੀਰ ਨੂੰ ਹੀ ਆਪਣਾ ਆਪਾ ਮੰਨੀ ਬੈਠਾ ਹੈ। ਜਿਤਨਾ ਚਿਰ ਇਸ ਨੂੰ ਆਪਣੇ ਨਿਰਾਕਾਰੀ ਸਰੂਪ ਦੀ ਸੋਝੀ ਨਹੀਂ ਹੋ ਜਾਂਦੀ, ਉਤਨੀ ਦੇਰ ਇਹ ਜੀਵ ਇਸ ਭਵਸਾਗਰ ਵਿਚੋਂ ਬਾਹਰ ਨਹੀਂ ਨਿਕਲ ਸਕਦਾ। ਅੱਜ ਗੁਰਮਤਿ ਤੋਂ ਬਿਨਾਂ ਦੁਨੀਆਂ ਦੀਆਂ ਬਾਕੀ ਸਾਰੀਆਂ ਮੱਤਾਂ ਮਨੁੱਖ ਨੂੰ ਆਪਣੇ ਨਿੱਜ ਸਰੂਪ ਦੀ ਜਾਣਕਾਰੀ (ਗਿਆਨ) ਇਸ ਲਈ ਨਹੀਂ ਕਰਵਾ ਰਹੀਆਂ, ਕਿਉਂਕਿ ਉਨ੍ਹਾਂ ਮੱਤਾਂ ਦੇ ਬਾਨੀਆਂ ਨੂੰ ਹੀ ਆਪਣੇ ਨਿੱਜ ਸਰੂਪ ਦੀ ਸੋਝੀ ਨਹੀਂ ਸੀ:

*ਸਨਕਾਦਿਕ ਨਾਰਦ ਮੁਨਿ ਸੇਖਾ॥*
*ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥*
*(ਗਉੜੀ ਗੁਆਰੇਰੀ ਕਬੀਰ ਜੀ, ਪੰਨਾ ੩੩੦)*

**ਸਚੁ ਖੋਜ ਅਕੈਡਮੀ, ਸਮਰਾਲਾ ਰੋਡ, ਖੰਨਾ (ਲੁਧਿਆਣਾ)। ਫੋਨ : ੦੧੬੨੮-੨੨੩੩੬੨*

ਪਰ ਗੁਰਮਤਿ ਦੇ ਧਾਰਨੀ ਭਗਤ ਸਾਹਿਬਾਨ ਜਾਂ ਗੁਰੂ ਸਾਹਿਬਾਨ ਨੇ ਗੁਰਬਾਣੀ ਅੰਦਰ ਮਨੁੱਖ ਨੂੰ ਆਪਣੇ ਨਿੱਜ ਸਰੂਪ ਦਾ ਗਿਆਨ (ਆਤਮ ਗਿਆਨ) ਹੀ ਕਰਵਾਇਆ ਹੈ। ਭਾਵੇਂ ਅਜਿਹਾ ਕਰਨ ਸਮੇਂ ਉਨ੍ਹਾਂ ਨੂੰ ਸੰਸਾਰੀ ਗਿਆਨ ਦੀ, ਪ੍ਰਮਾਣ ਵਜੋਂ ਲੋੜ ਪੈਂਦੀ ਰਹੀ। ਪਰ ਗੁਰਬਾਣੀ ਦਾ ਅਸਲ ਮਕਸਦ ਕੇਵਲ ਮਨੁੱਖ ਨੂੰ ਬਿਬੇਕ ਬੁੱਧੀ ਵਾਲਾ ਬਣਾ ਕੇ ਇਸ ਨੂੰ ਨਿੱਜ ਸਰੂਪ ਦੀ ਸੋਝੀ ਕਰਵਾ ਦੇਣਾ ਹੀ ਹੈ।

ਜਿਵੇਂ ਪਹਿਲਾਂ ਭੀ ਦੱਸਿਆ ਗਿਆ ਹੈ ਕਿ ਨਿਰਾਕਾਰ ਦੀ ਬਾਣੀ ਨੂੰ ਅਰਥਾਉਣ ਸਮੇਂ ਸੰਸਾਰੀ ਭਾਸ਼ਾ ਸਾਥ ਨਹੀਂ ਦੇਂਦੀ ਕਿਉਂਕਿ ਸੰਸਾਰੀ ਭਾਸ਼ਾ ਬਿਬੇਕ ਬੁੱਧੀ ਤੋਂ ਸੱਖਣੇ ਮਨਮੁਖਾਂ ਦੀ ਭਾਸ਼ਾ ਹੈ ਜਿਨ੍ਹਾਂ ਨੂੰ ਨਿਰਾਕਾਰ ਦੀ ਨਾ ਤਾਂ ਖੁਦ ਸੋਝੀ ਹੈ ਨਾ ਉਨ੍ਹਾਂ ਨੂੰ ਨਿਰਾਕਾਰ ਦੀ ਸੋਝੀ ਕਰਵਾਉਣ ਦੀ ਲੋੜ ਹੀ ਹੈ। ਨਿਰਾਕਾਰ ਬ੍ਰਹਮ ਬਾਰੇ ਬੋਲਣ ਜਾਂ ਲਿਖਣ ਸਮੇਂ ਜਿਸ ਵਿਦਿਆ ਦੀ ਲੋੜ ਹੈ, ਉਸ ਨੂੰ ਬ੍ਰਹਮ ਵਿਦਿਆ ਆਖਿਆ ਜਾਂਦਾ ਹੈ। ਇਸੇ ਲਈ ਗੁਰਬਾਣੀ ਲਿਖਣ ਵਾਲਿਆਂ ਨੇ ਸੰਸਾਰੀ ਵਿਦਿਆ ਦੇ ਬਹੁਤ ਸਾਰੇ ਸ਼ਬਦਾਂ ਨੂੰ ਨਵੇਂ ਅਰਥ ਦੇ ਦਿੱਤੇ। ਹੋਰ ਬਹੁਤ ਸਾਰੇ ਨਵੇਂ ਲਫ਼ਜ਼ਾਂ (ਸ਼ਬਦਾਂ) ਦੀ ਲੋੜ ਮਹਿਸੂਸ ਹੋਈ। ਕਹਿਣ ਤੋਂ ਭਾਵ ਇਹ ਹੈ ਕਿ ਸਾਡਾ ਮੌਜੂਦਾ ਮਹਾਨ ਕੋਸ਼ ਅਤੇ ਸਾਡੀ ਮੌਜੂਦਾ ਬੋਲੀ (ਭਾਸ਼ਾ) ਨਾਲੋਂ ਗੁਰਬਾਣੀ ਦੀ ਭਾਸ਼ਾ ਇਕਦਮ ਅਲੱਗ ਹੈ। ਸਾਡੀ ਬੋਲੀ ਮਨਮੁਖਾਂ ਦੀ ਬੋਲੀ ਹੈ, ਮਾਇਆਧਾਰੀਆਂ ਦੀ ਬੋਲੀ ਹੈ, ਜਦਕਿ ਗੁਰਬਾਣੀ ਦੀ ਬੋਲੀ (ਭਾਸ਼ਾ) ਗੁਰਮੁਖਾਂ ਦੀ ਭਾਸ਼ਾ ਹੈ। ਗੁਰਮੁਖ ਮਾਇਆ ਵਿਚ ਰਹਿੰਦਾ ਹੋਇਆ ਭੀ (ਸਰੀਰ ਵਿਚ ਰਹਿੰਦਾ ਹੋਇਆ ਭੀ) ਸਰੀਰ ਨਾਲ ਜੁੜਿਆ ਨਹੀਂ ਹੁੰਦਾ:

*ਹਰਿ ਕਾ ਸੇਵਕੁ ਸੋ ਹਰਿ ਜੇਹਾ॥ ਭੇਦੁ ਨ ਜਾਣਹੁ ਮਾਣਸ ਦੇਹਾ॥*

*(ਮਾਰੂ ਸੋਲਹੇ ਮ: ੫, ਪੰਨਾ ੧੦੭੬)*

ਹੁਣ ਵੇਖਣ (ਸਮਝਣ) ਵਾਲੀ ਗੱਲ ਇਹ ਹੈ ਕਿ ਅੱਜ ਤਕ ਜਿੰਨੇ ਵੀ ਟੀਕੇ ਗੁਰਬਾਣੀ ਦੇ ਕੀਤੇ ਗਏ ਹਨ ਉਹ ਸਾਰੇ ਦੇ ਸਾਰੇ ਸੰਸਾਰੀ ਬੋਲੀ ਦੇ ਵਿਦਵਾਨਾਂ ਦੇ ਹੀ ਕੀਤੇ ਹੋਏ ਹਨ ਜਿਨ੍ਹਾਂ ਨੂੰ ਕਿ ਗੁਰਬਾਣੀ ਦੀ ਭਾਸ਼ਾ ਬਾਰੇ ਉੱਕਾ ਹੀ ਗਿਆਨ ਨਹੀਂ ਸੀ। ਸਿੱਟੇ ਵਜੋਂ ਸੂਖਮ ਸਰੀਰ ਦੀ ਥਾਂ, ਬਾਹਰਲੇ, ਸਰੀਰ ਦੀ ਹੀ ਪ੍ਰਧਾਨਗੀ ਵਿਸਥਾਪਤ ਹੋ ਗਈ। ਪ੍ਰਮਾਣ ਵਜੋਂ 'ਰਸਨਾ' ਦਾ ਅਰਥ ਜੀਭ ਹੀ ਮੰਨ ਲਿਆ ਗਿਆ। 'ਨੈਣਾਂ' ਦਾ ਅਰਥ ਅੱਖਾਂ ਅਤੇ 'ਕਰ' ਜਿਹੜੇ ਕਿ ਨਿਰਾਕਾਰੀ ਜੋਤ ਸਰੂਪ ਸਰੀਰ ਨਾਲ ਸੰਬੰਧ ਰੱਖਦੇ ਸਨ, ਉਨ੍ਹਾਂ ਨੂੰ ਬਾਹਰਲੇ ਸਰੀਰ ਦੇ ਹੱਥਾਂ ਵਜੋਂ ਅਰਥਾ ਦਿੱਤਾ ਗਿਆ:

*ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥*

*(ਰਾਮਕਲੀ ਮ: ੩ ਅਨੰਦੁ, ਪੰਨਾ ੯੨੧)*

*ਰਸਨਾ ਜਪਿ ਜਪਿ ਜੀਵੈ ਸੁਆਮੀ॥ ਪਾਰਬ੍ਰਹਮ ਪ੍ਰਭ ਅੰਤਰਜਾਮੀ॥*

*(ਮਾਝ ਮ: ੫, ਪੰਨਾ ੧੦੨)*

ਉਪਰੋਕਤ ਪੰਗਤੀਆਂ ਤੋਂ ਸਪਸ਼ਟ ਹੈ ਕਿ 'ਰਸਨਾ' ਅੰਦਰਲੇ ਨਿਰਾਕਾਰੀ ਸਰੀਰ ਦੀ ਉਹ ਸ਼ਕਤੀ ਹੈ, ਜਿਸ ਦੁਆਰਾ ਜੀਵ ਰਾਗ ਰਸ, ਰੰਗ ਰਸ, ਰੂਪ ਰਸ, ਗੰਧ ਰਸ ਅਤੇ ਸਪਰਸ਼ ਰਸ ਆਦਿ ਰਸਾਂ ਦਾ ਅਨੁਭਵ ਕਰਦਾ ਹੈ। ਅਜਿਹੀ ਹਾਲਤ ਹੀ ਸਰਵਣ, ਨੇਤਰ, ਕਰ, ਪਗ, ਸਿਰ, ਮੁਖ ਆਦਿ ਬਾਰੇ ਭੀ ਹੈ। ਨਹੀਂ ਤਾਂ 'ਵਿਣੁ ਸਿਰ ਸੇਵ ਕਰੀਜੈ' ਵਾਲੀ ਪੰਗਤੀ ਦੇ ਅਰਥਾਂ ਦਾ ਅਨਰਥ ਹੀ ਹੋ ਜਾਵੇਗਾ। 'ਮਨੁ ਦੀਜੈ ਸਿਰੁ ਸਉਪੀਐ' ਤੋਂ

ਇਹੀ ਭਾਵ ਹੈ ਕਿ ਜੀਵ-ਆਤਮਾ ਸਤਿਗੁਰ ਦੇ ਚਰਨਾਂ ਵਿਚ ਅਪਣਾ ਮਨ ਧਰ ਦਿੰਦੀ ਹੈ। ਭਾਵ ਮਨ ਨੂੰ ਸਤਿਗੁਰੂ ਦੇ ਅਧੀਨ ਕਰ ਦੇਣਾ ਹੀ ਸਿਰ ਸੌਂਪਣਾ ਹੈ।

ਗੁਰਬਾਣੀ ਨੂੰ ਅਰਥਾਉਣ ਵੇਲੇ ਜਿਹੜੀਆਂ ਹਦਾਇਤਾਂ ਗੁਰਬਾਣੀ ਅੰਦਰ ਹੀ ਕੀਤੀਆਂ ਹੋਈਆਂ ਹਨ, ਜੇ ਉਨ੍ਹਾਂ ਵੱਲ ਸਾਵਧਾਨੀ ਪੂਰਵਕ ਧਿਆਨ ਦਿੱਤਾ ਜਾਂਦਾ ਤਾਂ ਗੁਰਬਾਣੀ ਦੇ ਅਰਥਾਂ ਦੇ ਅਨਰਥ ਹੋਣੋਂ ਬਚ ਸਕਦੇ ਸਨ। ਵਿਦਵਾਨਾਂ ਨੇ ਗੁਰਬਾਣੀ ਅਰਥਾਉਣ ਸਮੇਂ ਲੋੜੀਂਦੀ ਜਾਗਰੂਪਤਾ ਤੋਂ ਕੰਮ ਨਹੀਂ ਲਿਆ ਅਤੇ ਪੜ੍ਹਨ ਵਾਲੇ ਭੀ ਸੁੱਤੇ ਹੋਏ ਪੜ੍ਹੀ ਜਾਂਦੇ ਜਾਪਦੇ ਹਨ। ਗੁਰਬਾਣੀ ਵਿਚਲਾ 'ਤੱਤ-ਸਾਰ' (ਮੱਖਣ) ਪ੍ਰਾਪਤ ਕਰਨ ਲਈ ਗੁਰਬਾਣੀ ਨੂੰ ਸਹਿਜ (ਜਾਗ੍ਰਿਤ) ਅਵਸਥਾ ਵਿਚ ਰਹਿ ਕੇ ਵਿਚਾਰਨ ਦਾ ਹੁਕਮ ਹੈ। ਨਹੀਂ ਤਾਂ ਇਸ ਵਿਚਲਾ ਤੱਤ ਹੀ ਅਲੋਪ ਹੋ ਜਾਵੇਗਾ:

*ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥*
*ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥*

*(ਆਸਾ ਸ੍ਰੀ ਕਬੀਰ ਜੀਉ, ਪੰਨਾ ੪੭੮)*

ਪਰ ਟੀਕਾਕਾਰਾਂ ਨੇ ਅਜਿਹਾ ਨਹੀਂ ਕੀਤਾ, ਸਿੱਟਾ ਸਾਡੇ ਸਾਹਮਣੇ ਹੈ। ਅਰਥਾਂ ਵਿਚ ਮੱਤਭੇਦ ਹੋ ਜਾਣ ਕਰਕੇ ਹੀ ਅੱਜ ਸਾਰੇ ਬਿਖੇੜੇ ਖੜ੍ਹੇ ਹੋ ਗਏ ਹਨ। ਇਸ ਤੋਂ ਭੀ ਮਹੱਤਵਪੂਰਨ ਗੱਲ ਜਿਹੜੀ ਗੁਰਬਾਣੀ ਨੂੰ ਅਰਥਾਉਣ ਵਾਲਿਆਂ ਲਈ ਧਿਆਨ ਵਿਚ ਰੱਖਣ ਵਾਲੀ ਸੀ ਉਹ ਸੀ- "ਬਿਦਿਆ ਸੋਧੈ ਤਤੁ ਲਹੈ" ਇਸ ਪੰਗਤੀ ਦਾ ਅਰਥ ਇਹ ਹੈ ਕਿ ਗੁਰਬਾਣੀ ਦੇ ਅੱਖਰੀ ਅਰਥਾਂ ਦੀ ਥਾਂ ਭਾਵ-ਅਰਥ ਸਮਝ ਕੇ ਹੀ ਗੁਰਬਾਣੀ ਦਾ ਤੱਤ ਪ੍ਰਾਪਤ ਕੀਤਾ ਜਾ ਸਕਦਾ ਹੈ। ਕਿਉਂਕਿ ਭਾਸ਼ਾ ਤਾਂ ਸੰਸਾਰੀ (ਸਾਡੀ) ਵਿਚ ਹੀ ਗੱਲ ਸਮਝਾਈ ਗਈ ਹੈ ਪਰ ਜੋ ਕੁਝ ਭੀ ਸਾਡੇ ਸਾਹਮਣੇ ਹੈ ਉਹ ਤਾਂ ਸਭ ਮਾਇਆ ਹੀ ਹੈ ਅਤੇ ਮਾਇਆ ਨੂੰ ਗੁਰਮਤਿ ਝੂਠੀ ਆਖਦੀ ਹੈ-- "ਝੂਠੀ ਮਾਇਆ ਆਪੁ ਬੰਧਾਇਆ"। ਕਹਿਣ ਤੋਂ ਭਾਵ ਇਹ ਹੈ ਕਿ ਸਾਡੀ ਮਾਇਆਧਾਰੀਆਂ ਦੀ ਭਾਸ਼ਾ ਤਾਂ ਮਾਇਆ ਦੇ ਅੰਦਰ ਤਕ ਦਾ ਗਿਆਨ ਹੀ ਸਮਝਾਉਣ ਲਈ ਹੈ। ਮਾਇਆ ਤੋਂ ਪਰ੍ਹੇ ਦੀ ਗੱਲ ਜਦੋਂ ਸਾਡੀ ਭਾਸ਼ਾ ਦੇ ਸ਼ਬਦਾਂ ਦੀ ਸਹਾਇਤਾ ਨਾਲ ਸਮਝਾਉਣ ਦਾ ਜਤਨ ਕੀਤਾ ਹੋਇਆ ਹੈ, ਉਥੇ ਅੱਖਰੀ ਅਰਥਾਂ ਦੀ ਥਾਂ ਅੱਖਰਾਂ ਨੂੰ ਸੋਧ ਕੇ, ਅੱਖਰਾਂ ਦੀ ਮੂਲ ਭਾਵਨਾ ਦਰਸਾਉਣ ਵਾਲੇ ਅਰਥ ਮੰਨ ਕੇ ਹੀ ਗੁਰਬਾਣੀ ਦਾ ਤੱਤ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਸੀ। ਪਰ ਵਿਦਵਾਨ ਮਾਇਆ ਨਾਲ ਜੁੜੇ ਹੋਏ ਹੋਣ ਕਰਕੇ ਮਾਇਆ ਤੋਂ ਪਰ੍ਹੇ ਝਾਕ ਲੈਣ ਵਾਲੀ ਦਿਬ ਦ੍ਰਿਸ਼ਟੀ ਤੋਂ ਸੱਖਣੇ ਹੁੰਦੇ ਹਨ। ਇਸੇ ਲਈ ਉਹ ਸਾਕਾਰੀ ਸ਼ਬਦਾਂ ਦੇ ਨਿਰਾਕਾਰੀ ਰੂਪ ਨਹੀਂ ਦੇਖ ਸਕਦੇ। ਅਸੀਂ ਅੱਜ ਤਕ ਗੁਰਬਾਣੀ ਨੂੰ ਗੁਰੂ ਤਾਂ ਆਖਦੇ ਰਹੇ ਹਾਂ ਅਤੇ ਗੁਰਬਾਣੀ ਨੂੰ ਪੜ੍ਹਦੇ ਭੀ ਰਹੇ ਹਾਂ ਪਰ ਗੁਰਬਾਣੀ ਤੋਂ ਪੜ੍ਹਨ ਵਾਲੇ ਪਾਸੇ ਅਜੇ ਤਕ ਅਸੀਂ ਨਹੀਂ ਪਰਤੇ। ਗੁਰਬਾਣੀ 'ਤੋਂ' ਪੜ੍ਹ ਕੇ ਵਿਦਵਾਨ ਤੋਂ ਗੁਰਮੁਖ ਹੋ ਜਾਈਦਾ ਹੈ। ਉਸ ਤੋਂ ਪਿੱਛੋਂ ਹੀ ਗੁਰਬਾਣੀ ਦੀ ਸਹੀ ਵਿਆਖਿਆ ਕਰ ਸਕਣ ਦੀ ਸਮਰੱਥਾ ਪਰਮੇਸ਼ਰ ਦੀ ਕਿਰਪਾ ਸਦਕਾ ਪ੍ਰਾਪਤ ਹੋ ਸਕਦੀ ਹੈ। ਅਜਿਹਾ ਕਰਨਾ ਵਿਰਲੇ ਗੁਰਸਿੱਖਾਂ ਦੇ ਹਿੱਸੇ ਹੀ ਆਉਂਦਾ ਹੈ। ਫ਼ੁਰਮਾਨ ਹੈ:

*ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥*
*ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥*

*(ਰਾਮਕਲੀ ਮ: ੧ ਦਖਣੀ ਓਅੰਕਾਰੁ, ਪੰਨਾ ੯੩੫)*

ਹੁਣ ਅਸੀਂ ਥੋੜ੍ਹੀ ਜਿਹੀ ਵਿਚਾਰ ਉਪਰੋਕਤ ਕਥਨ, ਜਿਸ ਵਿਚ ਇਹ ਆਖਿਆ ਹੈ ਕਿ ਸੰਸਾਰੀ ਬੋਲੀ ਦੇ ਸ਼ਬਦਾਂ ਨੂੰ ਲੈ ਕੇ ਨਿਰਾਕਾਰ ਦੀ ਗੱਲ ਦੱਸੀ ਗਈ ਹੈ, ਦੀ ਕਰ ਰਹੇ ਹਾਂ। ਪ੍ਰਮਾਣ ਵਜੋਂ ਗਉੜੀ ਰਾਗ ਅੰਦਰ ਥਿਤਾਂ ਨੂੰ ਮੁੱਖ ਰੱਖ ਕੇ ਭਗਤ ਕਬੀਰ ਜੀ ਨੇ ਤੱਤ ਗਿਆਨ ਦੀ ਹੀ ਗੱਲ ਸਮਝਾਈ ਹੈ। ਇਸੇ ਲਈ ਭਗਤ ਜੀ ਸਭ ਤੋਂ ਪਹਿਲਾਂ ਗੱਲ ਹੀ ਇਥੋਂ ਸ਼ੁਰੂ ਕਰਦੇ ਹਨ ਕਿ ਥਿਤਾਂ ਨੂੰ ਮੁੱਖ ਰੱਖ ਕੇ ਭਾਵੇਂ ਮੈਂ ਪਰਲੋਕ ਦੀ ਗੱਲ ਸਮਝਾ ਰਿਹਾ ਹਾਂ ਪਰ ਇਹ ਥਿਤਾਂ ਤਾਂ ਚੰਦ ਸੂਰਜ ਨਾਲ ਸੰਬੰਧਤ ਹੋਣ ਕਰਕੇ ਇਸੇ ਲੋਕ ਵਿਚ ਹੀ ਹਨ ਪਰਲੋਕ ਵਿਚ ਤਾਂ ਨਾ ਕੋਈ ਚੰਦ ਸੂਰਜ ਹੈ ਅਤੇ ਨਾ ਹੀ ਉਥੇ ਕੋਈ ਥਿਤ ਵਾਰ ਹੀ ਹੈ:

*ਪੰਦ੍ਰਹ ਥਿਤੀ ਸਾਤ ਵਾਰ॥ ਕਹਿ ਕਬੀਰ ਉਰਵਾਰ ਨ ਪਾਰ॥*

*(ਗਉੜੀ ਕਬੀਰ ਜੀ, ਪੰਨਾ ੩੪੩)*

ਭਗਤ ਜੀ ਆਖ ਰਹੇ ਹਨ ਕਿ ਇਹ ਜੋ ਪੰਦਰਾਂ ਥਿਤਾਂ ਤੇ ਹਫਤੇ ਦੇ ਸੱਤ ਵਾਰ ਹਨ, ਇਹ ਇਸੇ ਲੋਕ (ਉਰਵਾਰ) ਵਿਚ ਹਨ ਪਰੰਤੂ ਮਾਇਆ ਤੋਂ ਪਰ੍ਹੇ (ਪਾਰ) ਇਹ ਨਹੀਂ ਹੁੰਦੇ। ਉਥੇ ਤਾਂ ਅਗਿਆਨ ਦਾ ਹਨੇਰਾ ਹੁੰਦਾ ਹੈ ਅਤੇ ਗਿਆਨ (ਤੱਤ ਗਿਆਨ) ਉਸ ਅੰਧੇਰੇ ਨੂੰ ਕੱਟਣ ਵਾਲੀ ਰੋਸ਼ਨੀ ਹੈ:

*ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ॥*

*(ਆਸਾ ਮ: ੪, ਪੰਨਾ ੪੫੦)*

ਇਕ ਹੋਰ ਭੁੱਲ ਜਿਹੜੀ ਵਿਦਵਾਨ ਕਰ ਰਹੇ ਹਨ, ਉਹ ਇਹ ਹੈ ਕਿ ਗੁਰਮਤਿ ਦੀ ਹਰ ਇਕ ਧਾਰਨਾ ਤਾਂ ਮਨ ਕੀਆਂ ਮੱਤਾਂ ਦੀ ਧਾਰਨਾ ਦਾ ਹੀ ਵਿਰੋਧ ਕਰ ਰਹੀ ਹੈ ਪਰ ਵਿਦਵਾਨਾਂ ਨੇ ਗੁਰਮਤਿ ਨੂੰ ਬਿਪਰਵਾਦੀ ਧਾਰਨਾਵਾਂ ਦੇ ਅਨੁਸਾਰ ਹੀ ਸਮਝਿਆ ਹੋਇਆ ਹੈ। ਉਨ੍ਹਾਂ ਨੇ ਨਾਮ, ਸਿਮਰਨ, ਜਪ, ਤਪ, ਅਰਾਧਨਾ, ਭਜਨ, ਭਗਤੀ, ਪੁੰਨ, ਪਾਪ, ਕਰਮ, ਧਰਮ, ਚਾਰ ਪਦਾਰਥ, ਨਿਰਗੁਣ, ਸਰਗੁਣ, ਰਿਧਿ, ਸਿਧਿ, ਗੁਰੂ, ਸੰਤ, ਸਾਧ ਆਦਿ ਅਤਿਅੰਤ ਮਹੱਤਵਪੂਰਨ ਸ਼ਬਦਾਂ ਦੇ ਅਰਥ ਬਿਪਰਵਾਦੀ ਗੁੰਝ ਵਾਲੇ ਹੀ ਮੰਨੇ ਹੋਏ ਹਨ। ਅਜਿਹੀ ਹਾਲਤ ਵਿਚ ਗੁਰਬਾਣੀ ਦੇ ਤੱਤ ਗਿਆਨ ਦੀ ਥਾਂ ਭਰਮ ਗਿਆਨ ਪ੍ਰਾਪਤ ਹੋ ਜਾਣਾ ਸੁਭਾਵਿਕ ਹੀ ਸੀ ਜਿਸ ਦਾ ਕਿ ਪ੍ਰਚਾਰ ਅੱਜ ਹੋ ਰਿਹਾ ਹੈ। ਜਿਵੇਂ ਪਿੱਛੇ ਦੱਸਿਆ ਗਿਆ ਹੈ ਕਿ ਸ੍ਰਿਸ਼ਟੀ ਦੀ ਰਚਨਾ ਸੂਖਮ ਜੋਤ (ਰਾਮ ਕੀ ਅੰਸ਼) ਅਤੇ ਸਥੂਲ ਮਾਇਆ ਦੇ ਸੁਮੇਲ ਤੋਂ ਵਜੂਦ ਵਿਚ ਆਈ ਹੈ। ਸਥੂਲ ਸਰੀਰ ਬਾਰੇ ਤਾਂ ਅਸੀਂ ਸਭ ਜਾਣਦੇ ਹੀ ਹਾਂ ਪਰ ਅੰਦਰਲੇ ਸੂਖਮ ਸਰੀਰ ਬਾਰੇ ਜਾਣਨ ਲਈ ਸਾਡੇ ਕੋਲ ਕੋਈ ਸਾਧਨ ਨਹੀਂ ਹੈ। ਜਦੋਂ ਗੁਰਬਾਣੀ ਇਹ ਦੱਸਦੀ ਹੈ ਕਿ ਸ਼ਬਦ ਗੁਰੂ, ਭਾਵ ਪਰਮੇਸ਼ਰ ਦੀ ਆਵਾਜ (ਸ਼ਬਦ) ਨਾਦ, ਬਾਣੀ, ਧੁਨਿ ਤੇਰੇ ਮਨ ਮੰਦਰ (ਹਿਰਦੇ) ਦੇ ਅੰਦਰ ਹੀ ਹੈ ਜਿਸ ਨੂੰ ਕਿ ਬਾਹਰਲੀਆਂ ਅੱਖਾਂ ਤੋਂ ਬਿਨਾਂ ਹੀ ਦੇਖਿਆ ਜਾ ਸਕਦਾ ਹੈ ਅਤੇ ਉਸ ਸ਼ਬਦ ਨੂੰ ਸੁਣਨ ਲਈ ਭੀ ਬਾਹਰਲੇ ਕੰਨਾਂ ਦੀ ਲੋੜ ਨਹੀਂ ਤਾਂ ਇਹ ਇਸ਼ਾਰਾ ਉਸ ਆਵਾਜ਼, ਧੁਨਿ ਵੱਲ ਹੈ ਜਿਸ ਨੂੰ ਅਸੀਂ ਆਤਮਾ ਦੀ ਆਵਾਜ਼, ਆਪਣੀ ਬੋਲੀ ਵਿਚ ਆਖਦੇ ਹਾਂ। ਅਸਲ ਵਿਚ ਇਹ ਸਤਿਗੁਰ ਦੀ ਆਵਾਜ਼ ਜਾਂ ਗੁਰ ਕਾ ਸ਼ਬਦ ਹੈ ਜਿਸ ਨੂੰ ਕਿ ਗੁਰਬਾਣੀ ਅੰਦਰ ਕਿਹਾ ਗਿਆ ਹੈ:

*ਗੁਰ ਕਾ ਸਬਦੁ ਰਿਦੇ ਮਹਿ ਚੀਨਾ॥ ਸਗਲ ਮਨੋਰਥ ਪੂਰਨ ਆਸੀਨਾ॥*

*(ਬਿਲਾਵਲੁ ਮ: ੫, ਪੰਨਾ ੮੦੪)*

*ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ॥ ਗੁਰੁ ਗੋਪਾਲੁ ਪੁਰਖੁ ਭਗਵਾਨੁ॥*
*(ਗੋਂਡ ਮ: ੫, ਪੰਨਾ ੮੬੪)*

ਇਹੋ ਹੀ ਅਸਥਾਨ ਗੁਰਮਤਿ ਅਨੁਸਾਰ 'ਨਿਜ ਘਰ', 'ਮਹਲ ਘਰ', 'ਸਚ ਖੰਡ', 'ਬੇਗਮ ਪੁਰਾ', 'ਦੇਵ ਸਥਾਨ' ਜਾਂ 'ਦਸਮ ਦੁਆਰ' ਅਗਮ ਅਪਾਰਾ ਹੈ। ਪਰ ਮਨਮਤੀਏ, ਸਾਕਤਾਂ ਨੇ ਦਸਮ ਦੁਆਰਾ ਬਾਹਰਲੇ ਸਰੀਰ ਦੇ ਦਿਮਾਗ ਨੂੰ ਹੀ ਮੰਨ ਲਿਆ ਜਦ ਕਿ ਦਿਮਾਗ (ਤ੍ਰਿਕੁਟੀ) ਤਾਂ ਜੀਵ-ਆਤਮਾ ਨੂੰ ਸੰਸਾਰ ਨਾਲ ਜੋੜਦੀ ਹੈ। ਸੁੱਤੇ ਹੋਏ ਜਾਂ ਬੇਹੋਸ਼ੀ ਦੀ ਹਾਲਤ ਵਿਚ ਅਸੀਂ ਸੰਸਾਰ ਨਾਲ ਇਸ ਲਈ ਹੀ ਨਹੀਂ ਜੁੜੇ ਹੋਏ ਹੁੰਦੇ ਕਿਉਂਕਿ ਸਾਡਾ ਨਿਵਾਸ ਦਿਮਾਗ ਵਿਚੋਂ ਹਟ ਕੇ ਦਿਲ ਨਾਲ ਜਾ ਜੁੜਦਾ ਹੈ। ਉਂਜ ਭੀ ਦਿਮਾਗ ਨੂੰ ਤਾਂ ਸ਼ੈਤਾਨ ਦਾ ਚਰਖਾ ਹੀ ਆਖਿਆ ਜਾਂਦਾ ਹੈ। ਸਾਰੀਆਂ ਮਨ ਦੀਆਂ ਮੱਤਾਂ ਇਸੇ ਦਿਮਾਗ ਦੀ ਉਪਜ ਹਨ। ਗੁਰਬਾਣੀ ਅਨੁਸਾਰ ਦਿਮਾਗ ਨਾਲ ਜੁੜਿਆ ਹੋਇਆ ਜੀਵ (ਮਨ) ਪਰਦੇਸੀ ਹੈ ਅਤੇ ਦਿਲ ਨਾਲ ਜੁੜਿਆ ਹੋਇਆ ਜੀਵ (ਮਨ) ਨਿਜ ਘਰ, ਆਪਣੇ ਮਹਲ ਦਾ ਵਾਸੀ ਹੁੰਦਾ ਹੈ। ਉਂਜ ਭੀ ਦਿਮਾਗ ਤੋਂ ਕੰਮ ਲੈਣਾ ਜਾਂ ਨਾ ਲੈਣਾ ਸਾਡੀ ਇੱਛਾ 'ਤੇ ਨਿਰਭਰ ਕਰਦਾ ਹੈ ਪਰ ਦਿਲ ਉੱਪਰ ਸਾਡਾ ਕੋਈ (ਕੰਟਰੋਲ) ਜ਼ੋਰ ਨਹੀਂ ਹੈ। ਇਸ ਤਰ੍ਹਾਂ ਗੁਰਮਤਿ, ਸਾਕਤਾਂ ਦੀ ਮੱਤ ਨਾਲੋਂ ਇਕਦਮ ਉਲਟ ਹੈ। ਸਾਨੂੰ ਗੁਰਬਾਣੀ ਦੱਸਦੀ ਹੈ:

*ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ॥*
*ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ॥*
*(ਰਾਗ ਕੇਦਾਰਾ, ਕਬੀਰ ਜੀਉ, ਪੰਨਾ ੧੧੨੩)*

ਉਪਰੋਕਤ ਮਹਾਂਵਾਕ ਅਨੁਸਾਰ ਜਦੋਂ ਇਹ ਮਨ ਗੁਰਬਾਣੀ ਦੀ ਸੋਝੀ ਪ੍ਰਾਪਤ ਕਰਕੇ ਸੰਸਾਰ ਨੂੰ ਅਗਨ ਸਾਗਰ ਵਜੋਂ ਦੇਖ (ਸਮਝ) ਲੈਂਦਾ ਹੈ ਫਿਰ ਇਹ ਤ੍ਰਿਕੁਟੀ (ਦਿਮਾਗ) ਨਾਲੋਂ ਨਾਤਾ ਹੀ ਤੋੜ ਲੈਂਦਾ ਹੈ। ਸਰੀਰ ਦੇ ਨੌਂ ਦੁਆਰਿਆਂ ਰਾਹੀਂ ਇਹ ਮਾਇਆ ਨਾਲ ਦਿਮਾਗ ਕਰਕੇ ਹੀ ਜੁੜਦਾ ਹੈ। ਤ੍ਰਿਕੁਟੀ ਨਾਲ ਜੁੜੇ ਰਹਿਣ ਦਾ ਸਾਫ ਹੀ ਅਰਥ ਹੈ ਕਿ ਮਾਇਆ ਨਾਲ ਜੁੜੇ ਰਹਿਣਾ। ਇਸ ਲਈ ਤ੍ਰਿਕੁਟੀ ਨੂੰ ਹੀ ਦਸਮ ਦੁਆਰ ਆਖਣ ਵਾਲੇ ਸਾਕਤ ਨਾ ਤਾਂ ਆਪ ਹੀ ਸੰਸਾਰ ਦੇ ਮੋਹ, ਲੋਭ ਤੋਂ ਪਿੱਛੋਂ ਹਟਦੇ ਹਨ ਅਤੇ ਨਾ ਹੀ ਅਜਿਹਾ ਉਪਦੇਸ਼ ਉਨ੍ਹਾਂ ਦੀਆਂ ਮੱਤਾਂ ਵਿਚ ਦਰਜ ਹੈ। ਭਗਤ ਕਬੀਰ ਜੀ ਪਹਿਲਾ ਇਸੇ ਸਨਾਤਨੀ ਮੱਤ ਦੇ ਧਾਰਨੀ ਸਨ ਜਿਸ ਨੂੰ ਤਿਆਗ ਕੇ ਉਨ੍ਹਾਂ ਨੇ ਮਗਹਰ ਜਾ ਕੇ ਸੱਚ ਦੀ ਖੋਜ ਕੀਤੀ। ਤਦ ਉਪਰੰਤ ਹੀ ਉਨ੍ਹਾਂ ਨੇ ਇਹ ਗੱਲ ਆਖੀ ਕਿ ਤ੍ਰਿਕੁਟੀ ਛੁੱਟ ਜਾਣ ਤੋਂ ਬਾਅਦ ਹੀ ਦਸਮ ਦੁਆਰ ਖੁੱਲ੍ਹਿਆ ਕਰਦਾ ਹੈ ਅਤੇ ਤੱਤ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਹੀ ਮਨ, ਸਰੀਰ ਦੇ ਨੌਵਾਂ ਦੁਆਰਿਆਂ ਰਾਹੀਂ ਬਾਹਰ ਭੱਜਣਾ ਤਿਆਗ ਸਕਦਾ ਹੈ। ਇਸ ਤਰੀਕੇ ਨਾਲ ਟਿਕਿਆ ਹੋਇਆ ਮਨ, ਗੁਰਬਾਣੀ ਦੇ ਗਿਆਨ ਨਾਲ ਬੰਨ੍ਹਿਆ ਹੋਇਆ ਮਨ, ਹਿਰਦੇ ਅਕਾਸ਼ ਨਾਲ ਇਕਮਿਕ ਹੋਇਆ ਰਹਿੰਦਾ ਹੈ। ਤ੍ਰਿਕੁਟੀ ਨਾਲ ਉਸ ਨੂੰ ਬਹੁਤਾ ਵਾਹ-ਵਾਸਤਾ ਰੱਖਣ ਦੀ ਲੋੜ ਹੀ ਨਹੀਂ ਰਹਿੰਦੀ, ਭਾਵੇਂ ਲੋੜ ਅਨੁਸਾਰ ਸਰੀਰ ਦੀ ਵਰਤੋਂ ਲਈ ਉਸ ਨੂੰ ਤ੍ਰਿਕੁਟੀ (ਦਿਮਾਗ) ਨਾਲ ਮਾਮੂਲੀ ਜਿਹਾ ਸੰਪਰਕ ਰੱਖਣਾ ਪੈਂਦਾ ਹੈ, ਜਿਵੇਂ ਕਿ ਕੰਵਲ ਦਾ ਪਾਣੀ ਨਾਲ ਹੁੰਦਾ ਹੈ।

ਨਿਰੋਲ ਗੁਰਮਤਿ ਦੀ ਉਪਰੋਕਤ ਵਿਚਾਰ ਤੋਂ ਬਾਅਦ ਪਾਠਕ ਜਨ ਖ਼ੁਦ ਹੀ ਫੈਸਲਾ ਕਰ ਲੈਣ ਕਿ ਜਿਹੜੇ ਸਿੱਖ ਵਿਦਵਾਨ ਤ੍ਰਿਕੁਟੀ ਨੂੰ ਹੀ ਦਸਮ ਦੁਆਰ ਮੰਨਦੇ ਹਨ ਉਹ ਆਪਣੇ ਆਪ ਨੂੰ ਗੁਰਮਤਿ ਦੀ ਪੂਰਨ ਸੋਝੀ ਵਾਲੇ ਕਿਸ ਅਧਾਰ 'ਤੇ ਮੰਨ ਰਹੇ ਹਨ ਜਦ ਕਿ ਤ੍ਰਿਕੁਟੀ ਨੂੰ ਹੀ ਦਸਮ ਦੁਆਰ ਮੰਨਣਾ ਤਾਂ ਬਿਪਰਵਾਦੀ ਵਿਚਾਰਧਾਰਾ 'ਬਿਪ੍ਰਨ ਕੀ ਰੀਤ' ਹੈ। ਕੁਝ ਸਮਾਂ ਪਹਿਲਾਂ 'ਸਪੋਕਸਮੈਨ' ਵਿਚ ਭਾਈ ਗੁਰਬਖਸ਼ ਸਿੰਘ ਕਾਲਾ ਅਫਗਾਨਾ ਦਾ ਲੇਖ ਛਪਿਆ ਸੀ, ਜਿਸ ਅਨੁਸਾਰ ਉਨ੍ਹਾਂ ਨੇ ਤ੍ਰਿਕੁਟੀ (ਦਿਮਾਗ) ਨੂੰ ਹੀ ਦਸਵਾਂ ਦੁਆਰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਦੇ ਜਵਾਬ ਵਿਚ ਗਿਆਨੀ ਜੋਗਿੰਦਰ ਸਿੰਘ ਤਲਵਾੜਾ ਨੇ ਭੀ 'ਸਪੋਕਸਮੈਨ' ਵਿਚ ਆਪਣਾ ਲੇਖ ਛਪਵਾਇਆ ਸੀ, ਜਿਸ ਵਿਚ ਉਨ੍ਹਾਂ ਨੇ ਦਸਮ ਦੁਆਰ ਤਾਂ ਭਾਵੇਂ ਸਪਸ਼ਟ ਨਹੀਂ ਸੀ ਕੀਤਾ ਪਰ ਦਸਮ ਦੁਆਰ ਨੂੰ ਕੋਈ ਸੂਖਮ ਵਸਤੂ ਜ਼ਰੂਰ ਆਖਿਆ ਸੀ। ਪਰ ਭਾਈ ਗੁਰਬਖਸ਼ ਸਿੰਘ ਜੀ ਕਾਲਾ ਅਫਗਾਨਾ ਦਾ ਇਹ ਦਾਅਵਾ ਕਿ ਮੈਨੂੰ ਬਿਪ੍ਰਨ ਕੀ ਰੀਤ ਅਤੇ ਸੱਚ ਦੇ ਮਾਰਗ ਵਿਚਲਾ ਅੰਤਰ ਸਪਸ਼ਟ ਹੋ ਗਿਆ, ਨਿਰਮੂਲ ਹੈ ਕਿਉਂਕਿ ਭਾਈ ਕਾਲਾ ਅਫਗਾਨਾ ਜੀ ਆਪਣੀ ਪੁਸਤਕ 'ਬਿਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ' ਦੇ ਪੰਜਵੇਂ ਭਾਗ ਦੇ ਤੀਜੇ ਕਾਂਡ ਵਿਚ ਪੰਨਾ ੯੪ ਉੱਤੇ ਆਪਣੇ ਵਿਚਾਰ ਇਉਂ ਲਿਖਦੇ ਹਨ,

ਵਿਚਾਰ - "ਅਜਿਹੇ ਹੋਰ ਵੀ ਕਈ ਗੁਰਬਾਣੀ ਸ਼ਬਦ ਹਨ, ਜਿਨ੍ਹਾਂ ਵਿਚ ਨਾਮ-ਅੰਮ੍ਰਿਤ ਨੂੰ ਅਤਿ ਮਿੱਠਾ ਕਿਹਾ ਹੈ। ਫਿਰ ਜਿਸ ਸਤਿਗੁਰਾਂ ਨੇ ਨਾਮ ਅੰਮ੍ਰਿਤ ਨੂੰ ਵਾਰ-ਵਾਰ ਮਿੱਠਾ ਵੀ ਆਪ ਹੀ ਫੁਰਮਾਨ ਕੀਤਾ ਹੈ, ਉਨ੍ਹਾਂ ਨੇ ਨਾਮ-ਅੰਮ੍ਰਿਤ ਤੋਂ ਹੀ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰਨ ਸਮੇਂ ਪਦਾਰਥਵਾਦੀ ਮਿੱਠਾ (ਪਤਾਸੇ-ਮਿੱਠਾ) ਕਿਸ ਕਾਰਨ ਪਾਉਣਾ ਸੀ?"

(ਬਿਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ, ਭਾਗ ਪੰਜਵਾਂ, ਪੰਨਾ ੯੪)

ਭਾਈ ਗੁਰਬਖਸ਼ ਸਿੰਘ ਜੀ ਕਾਲਾ ਅਫਗਾਨਾ ਦੇ ਪ੍ਰਸ਼ੰਸਕ ਇਹ ਆਖਿਆ ਕਰਦੇ ਹਨ ਕਿ ਸ. ਗੁਰਬਖਸ਼ ਸਿੰਘ ਕੋਈ ਭੀ ਖਿਆਲ ਲਿਖਣ ਸਮੇਂ ਆਪਣੀ ਲਿਖਤ ਨੂੰ ਸਹੀ ਸਿੱਧ ਕਰਨ ਲਈ ਗੁਰਬਾਣੀ ਵਿਚੋਂ ਘੱਟੋ ਘੱਟ ਪੰਜ ਪ੍ਰਮਾਣ ਜ਼ਰੂਰ ਦਿੰਦੇ ਹਨ। ਪਰ ਇਥੇ ਉਨ੍ਹਾਂ ਨੇ ਆਪਣੇ ਕਥਨ ਦੇ ਹੱਕ ਵਿਚ ਗੁਰਬਾਣੀ ਦੀ ਕੋਈ ਭੀ ਪੰਕਤੀ ਨਹੀਂ ਲਿਖੀ, ਜਿਸ ਤੋਂ ਇਹ ਸਿੱਧ ਹੁੰਦਾ ਹੋਵੇ ਕਿ ਨਾਮ ਅੰਮ੍ਰਿਤ ਦੀ ਸ਼ਕਤੀ ਨਾਲ ਜਾਂ ਨਾਮ ਅੰਮ੍ਰਿਤ ਨਾਲ ਫੋਕਾ ਪਾਣੀ ਮਿੱਠਾ ਹੋ ਜਾਂਦਾ ਹੈ ਜਾਂ ਕੀਤਾ ਜਾ ਸਕਦਾ ਹੈ। ਪੰਗਤੀ ਤਾਂ ਉਨ੍ਹਾਂ ਨੂੰ ਤਦ ਹੀ ਮਿਲ ਸਕਦੀ ਹੈ ਜੇ ਗੁਰਬਾਣੀ ਵਿਚ ਅਜਿਹੀ ਕੋਈ ਧਾਰਨਾ ਹੁੰਦੀ। ਗੁਰਬਾਣੀ ਤਾਂ ਸਗੋਂ ਅਜਿਹੀਆਂ ਕਰਾਮਾਤਾਂ ਦੇ ਉਲਟ ਹੈ।

ਦੂਜੀ ਗੱਲ ਇਹ ਹੈ ਕਿ ਸਤਿਗੁਰੂ ਜੀ ਨੇ ਖੰਡੇ-ਬਾਟੇ ਨਾਲ ਜਿਸ ਜਲ ਨੂੰ ਬਾਣੀ ਪੜ੍ਹ ਕੇ ਅਤੇ ਉਸ ਜਲ ਵਿਚ ਪਤਾਸੇ ਪਾ ਕੇ ਜਾਂ ਪਵਾ ਕੇ ਪੰਜਾਂ ਪਿਆਰਿਆਂ ਨੂੰ ਛਕਾਇਆ, ਉਸ ਨੂੰ ਤਾਂ ਅੰਮ੍ਰਿਤ ਆਖਿਆ ਹੀ ਨਹੀਂ ਸੀ? ਪੁਰਾਤਨ ਸਮੇਂ ਦੀਆਂ ਲਿਖਤਾਂ ਅਨੁਸਾਰ ਉਸ ਨੂੰ ਖੰਡੇ ਦੀ ਪਾਹੁਲ ਹੀ ਆਖਿਆ ਜਾਂਦਾ ਸੀ। ਉਂਜ ਗੁਰਬਾਣੀ ਅੰਦਰ ਜਿਥੇ ਨਾਮ ਨੂੰ ਵਾਰ ਵਾਰ ਅੰਮ੍ਰਿਤ ਆਖਿਆ ਗਿਆ ਹੈ ਉਹ ਅਤਿ ਮਿੱਠਾ ਭੀ ਹੁੰਦਾ ਹੈ ਪਰ ਇਹ ਭੀ ਮੰਨਿਆ ਗਿਆ ਹੈ ਕਿ ਕੇਵਲ ਕੁਝ ਗਿਣਤੀ ਦੇ ਗੁਰਮੁਖਾਂ ਲਈ

ਹੀ ਇਹ ਨਾਮ ਅੰਮ੍ਰਿਤ ਮਿੱਠਾ ਹੁੰਦਾ ਹੈ, ਸਾਕਤਾਂ ਨੂੰ ਤਾਂ ਨਾਮ ਅੰਮ੍ਰਿਤ ਕੌੜਾ ਲੱਗਦਾ ਹੈ ਜਦ ਕਿ ਸੰਸਾਰੀ ਮਿੱਠਾ ਖੰਡ, ਗੁੜ, ਪਤਾਸੇ, ਸ਼ਹਿਦ ਆਦਿ ਸਾਰੀਆਂ ਹੀ ਵਸਤਾਂ ਸਭਨਾਂ ਲਈ ਹੀ ਮਿੱਠੀਆਂ ਹਨ।

ਜਿਥੇ ਨਾਮ ਅੰਮ੍ਰਿਤ ਨੂੰ ਕੇਵਲ ਇਕੋ ਇਕ ਅੰਮ੍ਰਿਤ, ਗੁਰਬਾਣੀ ਮੰਨਦੀ ਹੈ, ਉਥੇ ਸੰਸਾਰ ਅੰਦਰ ਛੱਤੀ (ਅਣਗਿਣਤ) ਅੰਮ੍ਰਿਤ ਸਾਡੇ ਬਾਹਰੀ ਸਰੀਰ ਲਈ ਖਾਣ ਜਾਂ ਪੀਣ ਵਾਲੇ ਹਨ, ਜਿਹੜੇ ਕਿ ਬਿਖ (ਮਾਇਆ) ਤੋਂ ਉਪਜੇ ਹੋਣ ਕਰਕੇ ਬਿਖ ਰੂਪ ਹੀ ਗੁਰਬਾਣੀ ਅੰਦਰ ਮੰਨੇ ਗਏ ਹਨ। ਸਾਡਾ ਬਾਹਰਲਾ ਸਰੀਰ ਨਾਸਵੰਤ ਮਾਇਆ ਤੋਂ ਉਪਜਿਆ ਹੈ ਅਤੇ ਇਸ ਦੇ ਖਾਣ-ਪੀਣ ਲਈ ਜੋ ਪਦਾਰਥ ਪਰਮੇਸ਼ਰ ਨੇ ਬਣਾਏ ਹਨ, ਉਨ੍ਹਾਂ ਬਾਰੇ ਗੁਰਬਾਣੀ ਅੰਦਰ ਇਉਂ ਲਿਖਿਆ ਹੈ:-

*ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ ਤਿਸੁ ਠਾਕੁਰ ਰਖੁ ਮਨ ਮਾਹਿ॥*

*(ਗਉੜੀ ਸੁਖਮਨੀ ਮ: ੫, ਪੰਨਾ ੨੬੯)*

*ਬਿਖਿਆ ਅੰਮ੍ਰਿਤੁ ਏਕੁ ਹੈ ਬੂਝੈ ਪੁਰਖੁ ਸੁਜਾਣੁ॥*

*(ਰਾਮਕਲੀ ਮ: ੧ ਦਖਣੀ ਓਅੰਕਾਰੁ, ਪੰਨਾ ੯੩੭)*

ਪਰ ਨਾਮ ਅੰਮ੍ਰਿਤ ਕਦੇ ਭੀ ਕਿਸੇ ਨੂੰ ਭੀ ਇਸ ਸੰਸਾਰ ਅੰਦਰ, ਬਾਹਰੋਂ ਪ੍ਰਾਪਤ ਨਹੀਂ ਹੋਇਆ। ਇਸ ਨਾਮ ਅੰਮ੍ਰਿਤ ਦਾ ਨਿਵਾਸ ਤਾਂ ਇਸ ਲੋਕ ਤੋਂ ਪਰ੍ਹੇ, ਪਰਲੋਕ ਅੰਦਰ ਹੀ ਰਹਿੰਦਾ ਹੈ। ਨਾਮ ਅੰਮ੍ਰਿਤ ਦਾ ਰਸ ਚੱਖਣ ਵਾਲੇ ਨੂੰ ਹੀ ਮਾਇਆ ਮੋਹ ਰੂਪੀ ਲੋਭ ਲਹਿਰ ਤਿਆਗ ਕੇ ਹੀ ਹਿਰਦੇ ਰੂਪੀ ਪਰਲੋਕ ਅੰਦਰੋਂ ਇਸ ਦੀ ਪ੍ਰਾਪਤੀ ਕਰਨੀ ਹੁੰਦੀ ਹੈ। ਪਰਲੋਕ ਤੋਂ ਭਾਵ ਹੈ, ਮਨ ਦੇ ਅੰਦਰਲਾ ਭਾਗ ਜਿਸ ਨੂੰ ਕਿ ਸਿਧਿ ਗੋਸਟਿ ਬਾਣੀ ਅੰਦਰ 'ਗੁਰਦੁਆਰੋ' ਆਖਿਆ ਗਿਆ ਹੈ। ਕਹਿਣ ਤੋਂ ਭਾਵ ਇਹ ਹੈ ਕਿ ਮਨ ਨੇ ਇਸ ਨਾਮ ਅੰਮ੍ਰਿਤ (ਅੰਤਰ ਆਤਮਾ ਦੀ ਆਵਾਜ਼) ਦੀ ਪ੍ਰਾਪਤੀ ਆਪਣੇ ਹੀ ਅੰਦਰੋਂ ਕਰਨੀ ਹੈ। ਮਨ ਦੇ ਅੰਦਰਲੀ ਵਸਤੂ ਨੂੰ ਬਿਆਨਿਆ ਤਾਂ ਜਾ ਸਕਦਾ ਹੈ ਪਰ ਦਿਖਾਇਆ ਨਹੀਂ ਜਾ ਸਕਦਾ। ਇਸ ਗੁਰਬਾਣੀ ਅੰਦਰ ਸਮਾਏ ਹੋਏ ਜਿਸ ਨਾਮ ਦੀ ਗੱਲ ਕੀਤੀ ਗਈ ਹੈ ਉਹ ਤਾਂ ਕੇਵਲ ਬਾਣੀ ਰੂਪੀ ਨਾਮ ਦਾ ਗਿਆਨ (ਸੋਝੀ) ਹੀ ਹੈ। ਜਿਹੜੀ ਗੁਰਬਾਣੀ ਖੰਡੇ ਦੀ ਪਾਹੁਲ ਤਿਆਰ ਕਰਨ ਲਈ ਪੜ੍ਹੀ ਗਈ ਸੀ, ਉਹ ਭੀ ਸਾਰੇ ਸੰਸਾਰ ਨੂੰ ਅੱਜ ਮਿੱਠੀ ਨਹੀਂ ਲੱਗਦੀ। ਹਾਲਾਂਕਿ ਗੁਰਬਾਣੀ ਵਿਚਲਾ ਨਾਮ 'ਸਤਿਨਾਮ' ਦਾ ਗੁਣ ਗਾਇਨ ਹੀ ਹੈ। ਸਾਕਤਾਂ ਦੇ ਪਰਮੇਸ਼ਰ ਨਕਲੀ (ਦੇਹਧਾਰੀ) ਹੋਣ ਕਰਕੇ, ਉਨ੍ਹਾਂ ਨੂੰ ਨਿਰਾਕਾਰੀ ਪਰਮੇਸ਼ਰ ਦੀ ਗੱਲ ਸੁਣਨੀ ਭੀ ਫੁੱਟੀ ਅੱਖ ਨਹੀਂ ਭਾਉਂਦੀ।

ਜਿਸ ਆਦਮੀ ਨੂੰ ਗੁਰਬਾਣੀ ਦੀ ਸੱਚਮੁਚ ਦੀ ਸੋਝੀ ਆ ਗਈ ਹੋਵੇ ਉਹ ਇਹ ਨਹੀਂ ਆਖ ਸਕਦਾ ਕਿ ਨਿਰਾਕਾਰ ਜੋ ਕਿ ਆਪ ਹੀ ਨਾਮ ਅੰਮ੍ਰਿਤ ਸਰੂਪ ਹੈ, ਸੰਸਾਰੀ ਮਾਇਆ ਰੂਪ ਪਾਣੀ ਅੰਦਰ ਲਿਪਤ ਹੋ ਸਕਦਾ ਹੈ ਕਿਉਂਕਿ ਪਰਮੇਸ਼ਰ ਮਾਇਆ ਤੋਂ ਨਿਰਲੇਪ ਹੈ ਅਤੇ ਗੁਰਸਿੱਖ ਨੇ ਮਾਇਆ ਤੋਂ ਨਿਰਲੇਪ ਹੋ ਕੇ ਪਰਮੇਸ਼ਰ ਵਰਗਾ ਹੀ ਬਣਨਾ ਹੈ:

*ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥*

*(ਸਲੋਕ ਭਗਤ ਕਬੀਰ ਜੀਉ ਕੇ, ਪੰਨਾ ੧੩੭੨)*